ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ, ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੰ)
ਸਮੂਹ ਡਾਈਟ ਪ੍ਰਿੰਸੀਪਲ
ਸਮੂਹ ਸਕੂਲ ਮੁਖੀ।
ਪੰਜਾਬ।

ਮੀਮੋ ਨੰਬਰ : E Comp.No.967772 / 948-53
ਮਿਤੀ :ਐਸ.ਏ.ਐਸ.ਨਗਰ, 31 -10-2025

**ਵਿਸ਼ਾ: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦਗਾਰ ਵਿੱਚ ਸੈਮੀਨਾਰ (19 ਤੋਂ 25 ਨਵੰਬਰ 2025 ਵਿੱਚ) ਕਰਵਾਉਣ ਸਬੰਧੀ।**

**ਹਵਾਲਾ :-** Department of Tourism and Cultural Affairs (Tourism Branch)Government of Punjab ਵੱਲੋਂ ਭੇਜੇ ਗਏ ਪੱਤਰ ਨੰ. CA/DCAM/1126-1128 Dated 14-08-2025 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

1.0 ਪੰਜਾਬ ਸਰਕਾਰ ਵੱਲੋਂ **ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ 19 ਤੋਂ 25 ਨਵੰਬਰ 2025** ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਤੇ ਵੱਖ-ਵੱਖ ਸਮਾਗਮ ਅਤੇ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਤਾਂ ਜੋ ਗੁਰੂ ਸਾਹਿਬ ਜੀ ਦੇ ਨਿਆਂ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਮੁੱਲਾਂ ਲਈ ਦਿੱਤੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਜਾ ਸਕੇ।

2.0 **19 ਤੋਂ 25 ਨਵੰਬਰ , 2025** ਵਿੱਚ ਕਰਵਾਏ ਜਾ ਰਹੇ ਸੈਮੀਨਾਰ ਲਈ ਸਕੂਲਾਂ ਵਿਚੋਂ ਵਿਦਿਆਰਥੀਆਂ ਦਾ ਚੋਣ ਹੇਠ ਲਿਖੇ ਢੰਗ ਨਾਲ ਕੀਤਾ ਜਾਵੇ :-

- **ਮਿਤੀ 04-11-2025** ਨੂੰ ਸਮੂਹ ਸੀਨੀਅਰ ਸਕੈਡੰਰੀ ਸਕੂਲਾਂ ਵਿੱਚ ਸੈਮੀਨਾਰ ਕਰਵਾਏ ਜਾਣ , ਇਛੁੱਕ ਵਿਦਿਆਰਥੀ ਭਾਸ਼ਣ ਮੁਕਾਬਲੇ ਵਿੱਚ ਭਾਗ ਲੈਣ ਅਤੇ ਪੂਰੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲਾ ਵਿਦਿਆਰਥੀ ਬਲਾਕ ਪੱਧਰ ਤੇ ਭਾਗ ਲਵੇਗਾ ।
- **ਮਿਤੀ 11-11-2025** ਨੂੰ ਬਲਾਕ ਪੱਧਰ ਤੇ ਭਾਸ਼ਣ ਮੁਕਾਬਲੇ ਵਿੱਚ ਭਾਗ ਲੈਣਗੇ ਅਤੇ ਬਲਾਕ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜਿਲ੍ਹਾ ਪੱਧਰ ਤੇ ਭਾਗ ਲਵੇਗਾ ।
- **ਜਿਲ੍ਹਾ ਪੱਧਰ ਤੇ ਪਹਿਲਿਆਂ ਤਿੰਨ ਪੁਜੀਸ਼ਨ ਲੈਣ ਵਾਲਿਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਜਾਵੇਗਾ ।**

**3.0 ਜਿਲ੍ਹਾ ਪੱਧਰ ਤੇ ਕਰਵਾਏ ਜਾਣ ਵਾਲੇ ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ :-**

- **ਮਿਤੀ 20-11-2025** ਨੂੰ ਪਠਾਨਕੋਟ ,ਗੁਰਦਾਸਪੁਰ,ਅਮ੍ਰਿੰਤਸਰ,ਤਰਨਤਾਰਨ ਹੋਸ਼ਿਆਰਪੁਰ,ਨਵਾਂਸ਼ਹਿਰ ,ਕਪੂਰਥਲਾ, ਜਲੰਧਰ ਅਤੇ ਰੂਪਨਗਰ ਜਿਲ੍ਹਿਆਂ ਵਿੱਖੇ ਸੈਮੀਨਾਰ ਕਰਵਾਇਆ ਜਾਵੇਗਾ ।
- **ਮਿਤੀ 21-11-2025** ਨੂੰ ਬਠਿੰਡਾ ,ਮਾਨਸਾ,ਬਰਨਾਲਾ,ਮਲੇਰਕੋਟਲਾ,ਸੰਗਰੂਰ, ਪਟਿਆਲਾ ਅਤੇ ਐਸ.ਏ.ਐਸ. ਨਗਰ,ਐਸ.ਬੀ.ਐਸ ਨਗਰ ਜਿਲ੍ਹਿਆਂ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ ।
- **ਮਿਤੀ 22-11-2025** ਨੂੰ ਫਾਜ਼ਿਲਕਾ,ਫਰੀਦਕੋਟ, ਫਿਰੋਜ਼ਪੁਰ ,ਲੁਧਿਆਣਾ,ਮੋਗਾ ਅਤੇ ਫਤਿਹਗੜ੍ਹ ਸਾਹਿਬ ਜਿਲ੍ਹਿਆਂ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ ।

Scanned with OKEN Scanner

ਉਕਤ ਸੈਮੀਨਾਰ ਕਰਵਾਉਣ ਦਾ ਸਥਾਨ ਹਰ ਜਿਲ੍ਹੇ ਦੀ DIET ਨੂੰ ਰੱਖਿਆ ਗਿਆ ਹੈ। ਸਮੂਹ ਜਿਲ੍ਹਾ ਸਿੱਖਿਆ ਅਫ਼ਸਰ ਸਬੰਧਤ ਡਾਈਟ ਪ੍ਰਿੰਸੀਪਲ ਨਾਲ coordinate ਕਰਨ ਅਤੇ ਕਰਵਾਏ ਜਾਣ ਵਾਲੇ ਸੈਮੀਨਾਰ ਦੀ Location ਅਤੇ ਵੇਰਵਾ ਸਮੂਹ ਸਕੂਲਾਂ ਨਾਲ share ਕਰਨਾ ਯਕੀਨੀ ਬਣਾਇਆ ਜਾਵੇ।

4.0 ਸੈਮੀਨਾਰ ਦਾ ਕਾਰਜਕ੍ਰਮ ਪ੍ਰਵਾਹ :-

- ਸ਼ੁਰੂਆਤੀ ਸ਼ਬਦ ਕੀਰਤਨ(ਵਿਦਿਆਰਥੀਆਂ ਵੱਲੋਂ)
- ਸੁਆਗਤ ਅਤੇ ਜਾਣ ਪਛਾਣ(ਜਿਲ੍ਹਾ ਸਿੱਖਿਆ ਅਫ਼ਸਰ ਵੱਲੋਂ)
- ਮੁੱਖ ਵਿਸ਼ਾ- ਗੁਰੂ ਸਾਹਿਬਾਨ ਜੀ ਦੀ ਜੀਵਨੀ ,ਸਮਰਪਣ,ਸਹਿਨਸ਼ੀਲਤਾ ਅਤੇ ਕੁਰਬਾਨੀ ਸਬੰਧੀ।
- ਵਿਦਿਆਰਥੀਆਂ ਵੱਲੋ ਪ੍ਰਸਤੁਤੀ
- ਰਿਫਰੈਸ਼ਮੈਂਟ

5.0 ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਨਾਲ ਸਬੰਧਿਤ ਹੇਠ ਲਿਖੇ ਵਿਸ਼ਿਆਂ ਵਿੱਚੋਂ ਭਾਸ਼ਣ ਮੁਕਾਬਲੇ ਕਰਵਾਏ ਜਾਣ-

- ਸ੍ਰੀ ਗੁਰੂ ਤੇਗ ਬਹਾਦੁਰ ਜੀ ਹਿੰਮਤ ਦਾ ਇੱਕ ਉੱਤਮ ਉਦਾਹਰਣ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਆਜਾਦੀ ਅਤੇ ਬਲਿਦਾਨ ਦੇ ਸੱਚੇ ਹਿਮਾਇਤੀ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਧਾਰਮਿਕ ਸਹਿਣਸ਼ੀਲਤਾ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਦਿੱਲੀ ਵਿੱਚ ਸ਼ਹੀਦੀ।
- ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਮਨੁੱਖਤਾ ਲਈ ਸੁਨੇਹਾ ।

ਨੋਟ :- ਉਕਤ ਵਿਸ਼ੇ ਸਬੰਧੀ ਸਕੂਲ ਪੱਧਰ,ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਕਰਵਾਏ ਜਾਣ ਵਾਲੇ ਸੈਮੀਨਾਰ ਸਬੰਧੀ ਫੋਟੋ , ਵੀਡਿਉ ਅਤੇ ਰਿਪੋਰਟ ਤਿਆਰ ਕੀਤੀ ਜਾਵੇ ਅਤੇ ਨਿਯੁਕਤ ਨੋਡਲ ਅਫ਼ਸਰ ਇਸ ਰਿਪੋਰਟ ਨੂੰ scertactivities@punjabeducation.gov.in ਤੇ ਸ਼ੇਅਰ ਕਰਨ ਕੇਵਲ ਨੋਡਸ ਅਫ਼ਸਰ ਰਾਹੀਂ ਉਕਤ consolidated Reports ਨੂੰ ਦਫਤਰ ਐਸ.ਸੀ.ਈ.ਆਰ.ਟੀ ਵੱਲੋਂ entertain ਕੀਤਾ ਜਾਵੇਗਾ । ਸੈਮੀਨਾਰ ਦੌਰਾਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਬਲਿਦਾਨ ਅਤੇ ਦਿੱਲੀ ਵਿੱਚ ਸ਼ਹੀਦੀ ਆਦਿ ਨਾਲ ਸਬੰਧਤ ਬੈਨਰ ਲਗਾਉਣਾ ਯਕੀਨੀ ਬਣਾਇਆ ਜਾਵੇ।

ਕਿਰਨ ਸ਼ਰਮਾ , ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ:- ਐਸ.ਏ.ਐਸ. ਨਗਰ, 31- 10-2025

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ), ਪੰਜਾਬ।
5. ਪੀ.ਏ. ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ ।

31.10.25
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ।

Scanned with OKEN Scanner